# CA ਪ੍ਰਵਾਸੀਆਂ ਦੇ ਆਫ਼ਤ ਸਬੰਧੀ ਅਧਿਕਾਰ

## #1 ਪ੍ਰਵਾਸੀਆਂ ਲਈ ਮਦਦ ਮੰਗਣਾ ਸੁਰੱਖਿਅਤ ਹੈ

ਰਾਸ਼ਟਰਪਤੀ ਬਿਡੇਨ ਨੇ ਰਾਸ਼ਟਰੀ ਸੁਰੱਖਿਅਤ ਖੇਤਰਾਂ ਦੀ ਨੀਤੀ ਦਾ ਵਿਸਤਾਰ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਇਨਫੋਰਸਮੈਂਟ ਏਜੰਟਾਂ ਨੂੰ ਉਨ੍ਹਾਂ ਥਾਵਾਂ ਤੇ ਜਾਂ ਉਹਨਾਂ ਥਾਵਾਂ ਦੇ ਨੇੜੇ-ਤੇੜੇ ਲੋਕਾਂ ਨੂੰ ਗ੍ਰਿਫ਼ਤਾਰ ਨਹੀਂ ਕਰਨਾ ਚਾਹੀਦਾ ਜਾਂ ਡਰਾਉਣਾ ਨਹੀਂ ਚਾਹੀਦਾ ਜਿੱਥੇ ਆਫ਼ਤ ਰਾਹਤ ਪ੍ਰਦਾਨ ਕੀਤੀ ਜਾ ਰਹੀ ਹੈ: **ਐਮਰਜੈਂਸੀ ਰਿਸਪਾਂਸ ਸ਼ੈਲਟਰ, ਸੇਵਾ ਕੇਂਦਰ, ਨਿਕਾਸੀ ਰੂਟਾਂ ਦੇ ਉੱਪਰ ਜਗਾਵਾਂ (ਜਿਵੇਂ ਕਿ ਸੜਕ ਕਿਨਾਰੇ ਚੌਂਕੀਆਂ) ਜਾਂ ਜਿੱਥੇ ਪਰਿਵਾਰਕ ਪੁਨਰ-ਮਿਲਾਪ ਚੱਲ ਰਿਹਾ ਹੈ।**

* ਹੋਰ ਸੁਰੱਖਿਅਤ ਖੇਤਰਾਂਲਈ ਪੰਨਾ 2 ਦੇਖੋ

## #2 ਹਰ ਕੋਈ ਆਫ਼ਤ ਰਾਹਤ ਲਈ ਯੋਗ ਹੈ।

ਮਦਦ ਲਈ ਯੋਗਤਾ ਆਫ਼ਤ ਨਾਲ ਸਬੰਧਤ ਲੋੜਾਂ ਦੇ ਅਧਾਰ 'ਤੇ ਹੁੰਦੀ ਹੈ, ਨਾ ਕਿ ਪਰਵਾਸੀ ਹੋਣ ਜਾ ਨਾ ਹੋਣ ਦੇ ਆਧਾਰ ਤੇ ਜਾਂ ਆਮਦਨ ਦੇ ਆਧਾਰ ਤੇ। ਗੈਰ-ਨਕਦੀ ਐਮਰਜੈਂਸੀ ਰਾਹਤ ਲਈ ਹਰ ਵਿਅਕਤੀ ਯੋਗ ਹੈ। ਕੁਝ ਲੰਬੇ ਸਮੇਂ ਦੇ ਸਰਕਾਰੀ ਪ੍ਰੋਗਰਾਮਾਂ ਲਈ ਯੋਗਤਾ ਲਈ ਘਰ ਵਿੱਚ ਘੱਟੋ-ਘੱਟ ਇੱਕ ਨਾਗਰਿਕ ਜਾਂ ਯੋਗ ਪਰਵਾਸੀ ਦੀ ਲੋੜ ਹੋ ਸਕਦੀ ਹੈ। ਪਰ ਸਾਰੇ ਪ੍ਰਵਾਸੀਆਂ ਨੂੰ ਜਵਾਬ ਦੇਣਾ ਵਾਲੀਆਂ ਗੈਰ-ਲਾਭਕਾਰੀ ਜਾਂ ਵਿਸ਼ਵਾਸ-ਆਧਾਰਿਤ ਸੰਸਥਾਵਾਂ ਤੋਂ ਲੋੜੀਂਦੀ ਮਦਦ ਮੰਗਣ ਵਿੱਚ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ।

CA ਰਾਜ ਕਾਨੂੰਨ (SB 2327) ਆਫ਼ਤ ਰਾਹਤ ਕਰਮਚਾਰੀਆਂ ਨੂੰ ਬੇਲੋੜੇ ਦਸਤਾਵੇਜ਼ਾਂ ਦੀ ਮੰਗ ਕਰਨ ਜਾਂ ਕਿਸੇ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਸਵਾਲ ਪੁੱਛਣ ਤੋਂ ਰੋਕਦਾ ਹੈ। ਕਿਸੇ ਵੀ ਵਿਅਕਤੀ ਨੂੰ ਨਿੱਜੀ ਦਸਤਾਵੇਜ਼ਾਂ ਦੀ ਘਾਟ ਕਾਰਨ ਐਮਰਜੈਂਸੀ ਸਹਾਇਤਾ ਤੋਂ ਇਨਕਾਰ ਨਹੀਂ ਕੀਤਾ ਜਾਣਾ ਚਾਹੀਦਾ ਜੋ ਕਿ ਦਸਤਾਵੇਜ਼ ਆਫਤ ਦੌਰਾਨ ਗੁੰਮ ਜਾ ਖ਼ਰਾਬ ਹੋ ਗਿਆ ਹੋਵੇ ।

## #3 ਆਫ਼ਤ ਸਹਾਇਤਾ ਸਵੀਕਾਰ ਕਰਨ ਨਾਲ ਤੁਹਾਡੀ ਇਮੀਗ੍ਰੇਸ਼ਨ ਸਥਿਤੀ 'ਤੇ ਕੋਈ ਅਸਰ ਨਹੀਂ ਪਵੇਗਾ

ਪ੍ਰਵਾਸੀਆਂ ਨੂੰ ਇਹ ਚਿੰਤਾ ਹੋ ਸਕਦੀ ਹੈ ਕਿ ਆਫ਼ਤ ਸਹਾਇਤਾ ਸਵੀਕਾਰ ਕਰਨ ਨਾਲ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ ਪਰ ਇਹ ਸੱਚ ਨਹੀਂ ਹੈ। **Public Charge Rule** (ਪਬਲਿਕ ਚਾਰਜ ਨਿਯਮ) (ਦਸੰਬਰ, 22) ਪੁਸ਼ਟੀ ਕਰਦਾ ਹੈ ਕਿ ਜਦੋਂ ਕੋਈ ਵਿਅਕਤੀ ਗ੍ਰੀਨ ਕਾਰਡ ਲਈ ਅਰਜ਼ੀ ਦਿੰਦਾ ਹੈ ਤਾਂ ਪਬਲਿਕ ਚਾਰਜ ਟੈਸਟ ਵਿੱਚ ਆਫ਼ਤ ਸਹਾਇਤਾ ਨੂੰ ਵਿਚਾਰਿਆ ਨਹੀਂ ਜਾਵੇਗਾ। ਇਸ ਪਬਲਿਕ ਚਾਰਜ ਦੀ ਸੁਰੱਖਿਅਤ ਵਰਤੋਂ ਵਾਲੀਆਂ ਚੀਜ਼ਾਂ ਦੀ ਸੂਚੀ (ਦੇਖੋ ਪੰਨਾ 2**) ਵਿੱਚ ਗੈਰ-ਆਫਤ-ਸਬੰਧਤ ਲਾਭ ਅਤੇ ਸੇਵਾਵਾਂ ਵੀ ਸ਼ਾਮਲ ਹਨ ਜੋ ਕਦੇ ਨਹੀਂ ਮੰਨੀਆਂ ਜਾਂਦੀਆਂ ਹਨ, ਜਿਵੇਂ ਕਿ ਭੋਜਨ, ਡਾਕਟਰੀ ਦੇਖਭਾਲ, ਬੀਮਾ, ਬੱਚਿਆਂ ਦੇ ਪ੍ਰੋਗਰਾਮ, ਧਾਰਮਿਕ ਗਤੀਵਿਧੀਆਂ, ਸਿੱਖਿਆ, ਅਤੇ ਹੋਰ ਬਹੁਤ ਕੁਝ। **ਆਫ਼ਤ ਰਾਹਤ ਸਹਾਇਤਾ ਮੁਫ਼ਤ ਹੈ ਅਤੇ ਇਸਦੀ ਅਦਾਇਗੀ ਨਹੀਂ ਕਰਨੀ ਪੈਂਦੀ।**

## #4 ਹਰ ਕਿਸੇ ਦੇ ਅਧਿਕਾਰ ਹਨ - ਚਿੰਤਾਵਾਂ ਦੀ ਰਿਪੋਰਟ ਕਰੋ

ਹਰ ਕਿਸੇ ਨੂੰ ਉਸ ਭਾਸ਼ਾ ਵਿੱਚ ਸੰਕਟਕਾਲੀਨ ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿਸ ਨੂੰ ਉਹ ਸਮਝ ਸਕਦਾ ਹੈ ਅਤੇ ਅਜਿਹੀ ਥਾਂ 'ਤੇ ਜਿੱਥੇ ਉਹ ਪਹੁੰਚ ਕਰ ਸਕਦਾ ਹੈ। ਵਕੀਲ ਅਤੇ ਸੇਵਾ ਪ੍ਰਦਾਤਾ ਕਿਸੇ ਆਫ਼ਤ ਤੋਂ ਪਹਿਲਾਂ ਆਪਣੇ ਆਪ ਨੂੰ ਅਤੇ ਆਪਣੇ ਭਾਈਚਾਰਿਆਂ ਨੂੰ ਪ੍ਰਵਾਸੀ ਅਧਿਕਾਰਾਂ ਬਾਰੇ ਸਿੱਖਿਅਤ ਕਰ ਸਕਦੇ ਹਨ। ਉਹ ਪਹੁੰਚ ਕਰਨ

ਵਿੱਚ ਆਉਂਦੀਆਂ ਮੁਸ਼ਕਿਲਾਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਬਾਅਦ ਵਿੱਚ, ਉਹ ਇਹ ਯਕੀਨੀ ਬਣਾ ਸਕਦੇ ਹਨ ਕਿ ਲੋਕਾਂ ਕੋਲ ਸਹਾਇਤਾ ਲਈ ਸਫਲਤਾਪੂਰਵਕ ਅਰਜ਼ੀ ਦੇਣ ਲਈ ਸਹੀ ਜਾਣਕਾਰੀ ਅਤੇ ਲੋੜੀਂਦੀ ਸਹਾਇਤਾ ਉਪਲਬਧ ਹੈ।

## ਸਰੋਤਾਂ ਲਈ ਲਿੰਕ

- ਸੈਨ ਫਰਾਂਸਿਸਕੋ ਬੇ ਏਰੀਆ ਵਿੱਚ ਮੁਫ਼ਤ ਅਤੇ ਘੱਟ ਕੀਮਤ ਵਾਲੀਆਂ ਕਾਨੂੰਨੀ ਸਲਾਹ ਸੇਵਾਵਾਂ ਦੀ ਸੂਚੀ
- ਸੁਰੱਖਿਅਤ ਖੇਤਰਾਂ ਦੇ ਆਲੇ ਦੁਆਲੇ ਆਈਸੀਈ ਗਤੀਵਿਧੀਆਂ ਦੀ ਰਿਪੋਰਟ ਕਰਨ ਲਈ ਕੈਲੀਫੋਰਨੀਆ ਰੈਪਿਡ ਰਿਸਪਾਂਸ ਨੈਟਵਰਕ ਦੀ ਡਾਇਰੈਕਟਰੀ - ਪ੍ਰਵਾਸੀ ਨਿਆਂ ਲਈ CA ਸਹਿਯੋਗੀ
- ਬਹੁ-ਭਾਸ਼ੀ ਭੂਚਾਲ ਸੁਰੱਖਿਆ ਜਾਣਕਾਰੀ - CADRE ਵੈੱਬਸਾਈਟ
- ਸਥਾਨਕ, ਰਾਜ ਅਤੇ ਰਾਸ਼ਟਰੀ ਸਰੋਤਾਂ ਅਤੇ ਜਾਣਕਾਰੀ ਲਈ ਲਿੰਕ - Immigrantinfo.org
- **ਪਬਲਿਕ ਚਾਰਜ ਸੁਰੱਖਿਅਤ ਵਰਤੋਂ ਵਾਲੀਆਂ ਚੀਜ਼ਾਂ ਦੀ ਸੂਚੀ (ਮਈ, 21) ਅੰਗਰੇਜ਼ੀ ਸਪੈਨਿਸ਼
- ਗੈਰ-ਕਾਗਜ਼ੀ ਪ੍ਰਵਾਸੀਆਂ ਲਈ FEMA ਸਰਕਾਰੀ ਆਫ਼ਤ ਸਹਾਇਤਾ (ਅੰਗਰੇਜ਼ੀ) 10/9/20

## ਹੋਰ ਸੁਰੱਖਿਅਤ ਖੇਤਰ:

ਆਫ਼ਤ ਜਾਂ ਐਮਰਜੈਂਸੀ ਪ੍ਰਤੀਕਿਰਿਆ ਅਤੇ ਰਾਹਤ ਗਤੀਵਿਧੀਆਂ ਤੋਂ ਇਲਾਵਾ, "ਸੁਰੱਖਿਅਤ ਖੇਤਰਾਂ" ਵਿੱਚ ਸ਼ਾਮਲ ਹਨ:

- ਇੱਕ ਸਕੂਲ, ਜਿਵੇਂ ਕਿ ਪ੍ਰੀ-ਸਕੂਲ, ਪ੍ਰਾਇਮਰੀ ਜਾਂ ਸੈਕੰਡਰੀ ਸਕੂਲ, ਵੋਕੇਸ਼ਨਲ ਜਾਂ ਟ੍ਰੇਡ ਸਕੂਲ, ਜਾਂ ਕਾਲਜ ਜਾਂ ਯੂਨੀਵਰਸਿਟੀ।
- ਉਹ ਸਥਾਨ ਜੋ "ਲੋੜਵੰਦ ਲੋਕਾਂ ਲਈ ਜ਼ਰੂਰੀ" ਸਮਾਜਿਕ ਸੇਵਾਵਾਂ ਪ੍ਰਦਾਨ ਕਰਦੇ ਹਨ: ਫੂਡ ਬੈਂਕ, ਘਰੇਲੂ ਹਿੰਸਾ ਰਾਹਤ ਮਕਾਨ, ਸੁਵਿਧਾਵਾਂ ਜੋ ਅਪਾਹਜ ਵਿਅਕਤੀਆਂ ਦੀ ਸੇਵਾ ਕਰਦੀਆਂ ਹਨ।
- ਉਹ ਸਥਾਨ ਜਿੱਥੇ ਬੱਚੇ ਇਕੱਠੇ ਹੁੰਦੇ ਹਨ, ਚਾਈਲਡ ਕੇਅਰ ਸੈਂਟਰ, ਸਕੂਲ ਤੋਂ ਬਾਅਦ ਦੇ ਪ੍ਰੋਗਰਾਮ, ਪਾਲਣ ਪੋਸ਼ਣ ਦੀ ਸਹੂਲਤ, ਬੱਸ ਸਟਾਪ, ਅਤੇ ਖੇਡ ਦੇ ਮੈਦਾਨ।
- ਡਾਕਟਰੀ ਇਲਾਜ ਸਹੂਲਤਾਂ: ਹਸਪਤਾਲ, ਡਾਕਟਰ ਦੇ ਦਫ਼ਤਰ, ਕੋਵਿਡ-19 ਟੀਕਾਕਰਨ ਅਤੇ ਟੈਸਟਿੰਗ ਸਾਈਟਾਂ, ਮਾਨਸਿਕ ਸਿਹਤ ਪ੍ਰਦਾਤਾ, ਕਮਿਊਨਿਟੀ ਹੈਲਥ ਸੈਂਟਰ, ਜ਼ਰੂਰੀ ਦੇਖਭਾਲ ਕੇਂਦਰ, ਉਹ ਸਥਾਨ ਜੋ ਗਰਭਵਤੀ ਲੋਕਾਂ ਦੀ ਸੇਵਾ ਕਰਦੇ ਹਨ।
- ਉਹ ਥਾਂ ਜਿੱਥੇ ਪਰੇਡ, ਪ੍ਰਦਰਸ਼ਨ, ਜਾਂ ਰੈਲੀ ਚੱਲ ਰਹੀ ਹੈ।
- ਆਸਥਾ ਦੀਆਂ ਗਤੀਵਿਧੀਆਂ ਨੂੰ ਸਮਰਪਿਤ ਅਸਥਾਈ ਢਾਂਚੇ ਸਮੇਤ ਪੂਜਾ ਜਾਂ ਧਾਰਮਿਕ ਅਧਿਐਨ ਦੇ ਸਥਾਨ.
- ਉਹ ਸਥਾਨ ਜਿੱਥੇ ਅੰਤਿਮ-ਸੰਸਕਾਰ, ਕਬਰਾਂ ਦੇ ਕੋਲ ਸਮਾਰੋਹ , ਮਾਲਾ, ਵਿਆਹ, ਜਾਂ ਹੋਰ ਧਾਰਮਿਕ ਜਾਂ ਸਿਵਲ ਸਮਾਰੋਹ ਜਾਂ ਰੀਤੀ-ਰਿਵਾਜ ਹੁੰਦੇ ਹਨ।

***ਪੰਨਾ 1 ਅਤੇ 2 "CA ਇਮੀਗ੍ਰੈਂਟਸ ਦੇ ਆਫ਼ਤ ਅਧਿਕਾਰ" ਦੇ ਅਨੁਵਾਦਾਂ ਲਈ, www.cadresv.org/earthquake 'ਤੇ ਜਾਓ।***

## ਗੈਰ-ਨਾਗਰਿਕਾਂ ਨੂੰ ਸਰਕਾਰੀ ਸਹਾਇਤਾ 'ਤੇ FEMA ਫਲਾਇਰ ਪੇਪਰ

- Government Disaster Assistance for Undocumented Immigrants (English) 10/9/20
- Government Disaster Assistance for Undocumented Immigrants (Chinese) 10/10/20
- Government Disaster Assistance for Undocumented Immigrants (German) 12/20/21
- Government Disaster Assistance for Undocumented Immigrants (Haitian Creole)
- Government Disaster Assistance for Undocumented Immigrants (Hindi) 1/20/22
- Government Disaster Assistance for Undocumented Immigrants (Japanese) 10/20/20
- Government Disaster Assistance for Undocumented Immigrants (Khmer) 10/26/21
- Government Disaster Assistance for Undocumented Immigrants (Kirundi)
- Government Disaster Assistance for Undocumented Immigrants (Korean) 10/10/20
- Government Disaster Assistance for Undocumented Immigrants (Portuguese)
- Government Disaster Assistance for Undocumented Immigrants (Serbo Croatian Bosnian) 12/20/21
- Government Disaster Assistance for Undocumented Immigrants (Spanish) 10/9/20
- Government Disaster Assistance for Undocumented Immigrants (Swahili)
- Government Disaster Assistance for Undocumented Immigrants (Tagalog)
- Government Disaster Assistance for Undocumented Immigrants (Vietnamese)